# ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162

Epaper World Punjabi Times 15 ਜੁਲਾਈ 2025 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਮਾਜ ਸੇਵੀ ਜੌਹਲ ਪਰਿਵਾਰ ਦੀ ਮੁਖੀ ਕਸ਼ਮੀਰ ਕੌਰ ਜੌਹਲ 'ਕਿੰਗ ਚਾਰਲਸ ਤੀਜਾ ਕੋਰੋਨੇਸ਼ਨ ਮੈਡਲ' ਨਾਲ ਸਨਮਾਨਿਤ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 15 ਜੁਲਾਈ :ਬੀਤੇ ਦਿਨ ਇੰਡੀਆ ਕਲਚਰਲ ਸੈਂਟਰ ਆਫ ਕੈਨੇਡਾ (ਗੁਰਦਵਾਰਾ ਨਾਨਕ ਨਿਵਾਸ ਸੁਸਾਇਟੀ), ਨੰਬਰ 5 ਰੋਡ, ਰਿਚਮੰਡ ਦੀ ਚੇਅਰਪਰਸਨ ਬੀਬੀ ਕਸ਼ਮੀਰ ਕੌਰ ਜੌਹਲ (ਸੁਪਤਨੀ ਸਵ. ਆਸਾ ਸਿੰਘ ਜੌਹਲ) ਨੂੰ ਰਿਚਮੰਡ ਈਸਟ-ਸਟੀਵਸਟਨ ਦੇ ਪਾਰਲੀਮੈਂਟ ਮੈਂਬਰ ਪਰਮ ਬੈਂਸ ਵੱਲੋਂ ਕਿੰਗ ਚਾਰਲਸ ਤੀਜੇ ਦੇ ਕੋਰੋਨੇਸ਼ਨ ਮੈਡਲ ਨਾਲ ਸਨਮਾਨਿਤ ਕੀਤਾ ਗਿਆ। ਗੁਰਦੁਆਰਾ ਨਾਨਕ ਨਿਵਾਸ ਵਿਖੇ ਹੋਏ ਸਮਾਗਮ ਵਿਚ ਰਿਚਮੰਡ ਦੇ ਮੇਅਰ ਮੈਲਕਮ ਬਰੋਡੀ, ਰਿਚਮੰਡ ਪੁਲਿਸ ਦੇ ਮੁਖੀ ਦੇਵ ਚੌਹਾਨ, ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਦੇ ਮੈਂਬਰ ਸਾਹਿਬਾਨ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤ ਸ਼ਾਮਲ ਸਨ।

ਸਮਾਗਮ ਦੀ ਸ਼ੁਰੂਆਤ ਕਰਦਿਆਂ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਮੋਹਣ ਸਿੰਘ ਸੰਧੂ ਨੇ ਸਭ ਨੂੰ ਜੀ ਆਇਆਂ ਕਿਹਾ। ਕੈਲੀ ਸਿੱਧੂ ਨੇ ਸਾਰੇ ਮਹਿਮਾਨਾਂ, ਪਤਵੰਤੇ ਸੱਜਣਾਂ, ਵਲੰਟੀਅਰਾਂ ਅਤੇ ਸ਼ਰਧਾਲੂਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਅੱਜ ਦਾ ਦਿਨ ਸੇਵਾ ਦਾ ਜਸ਼ਨ ਹੈ ਜਿਸ ਵਿਚ ਮੈਂਬਰ ਪਾਰਲੀਮੈਂਟ ਪਰਮ ਬੈਂਸ ਵੱਲੋਂ ਇਹ ਵਡੇਰਾ ਸਨਮਾਨ ਸਤਿਕਾਰਤ ਬੀਬੀ ਕਸ਼ਮੀਰ ਕੌਰ ਜੌਹਲ ਨੂੰ ਪ੍ਰਦਾਨ ਕੀਤਾ ਜਾ ਰਿਹਾ ਹੈ।

ਮੈਡਲ ਪ੍ਰਦਾਨ ਕਰਦਿਆਂ ਮੈਂਬਰ ਪਾਲੀਮੈਂਟ ਪਰਮ ਬੈਂਸ ਨੇ ਕਿਹਾ ਕਿ ਸਵ. ਆਸਾ ਸਿੰਘ ਜੌਹਲ ਅਤੇ ਸਮੁੱਚੇ ਜੌਹਲ ਪਰਿਵਾਰ ਨੇ ਸਮਾਜ ਸੇਵਾ ਦੇ ਕਾਰਜ ਵਿਚ ਮਹਾਨ ਯੋਗਦਾਨ ਪਾਇਆ ਹੈ। ਜੌਹਲ ਪਰਿਵਾਰ ਦੀ ਸਿਰਫ ਇੰਡੋ-ਕੈਨੇਡੀਅਨ ਕਮਿਊਨਿਟੀ ਲਈ ਹੀ ਨਹੀਂ ਬਲਕਿ ਬੀ.ਸੀ. ਅਤੇ ਕੈਨੇਡੀਅਨ ਸੁਸਾਇਟੀ ਲਈ ਵੀ ਬਹੁਤ ਵੱਡੀ ਦੇਣ ਹੈ। ਇਸ ਪਰਿਵਾਰ ਨੇ ਹਜਾਰਾਂ ਲੋਕਾਂ ਨੂੰ ਆਪਣੀਆਂ ਮਿੱਲਾਂ ਵਿਚ ਰੁਜ਼ਗਾਰ ਦੇਣ ਤੋਂ ਇਲਾਵਾ ਖੁੱਲ੍ਹੇ ਦਿਲ ਨਾਲ ਵੈਨਕੂਵਰ ਚਿਲਡਰਨ ਹਸਪਤਾਲ, ਰਿਚਮੰਡ ਹਸਪਤਾਲ, ਵੈਨਕੂਵਰ ਜਨਰਲ ਹਸਪਤਾਲ, ਕਨੇਡੀਅਨ ਕੈਂਸਰ ਸੁਸਾਇਟੀ, ਰੋਟਰੀ ਕਲੱਬ-ਪੋਲੀਓ ਪਲੱਸ ਅਤੇ ਕਈ ਹੋਰ ਧਾਰਮਿਕ ਅਤੇ ਸਮਾਜਿਕ ਅਦਾਰਿਆਂ ਨੂੰ ਲੱਖਾਂ ਡਾਲਰ ਦਾਨ ਦਿੱਤੇ ਹਨ। ਰਿਚਮੰਡ ਦੇ ਗੁਰਦੁਆਰਾ ਗੁਰੂ ਨਾਨਕ ਨਿਵਾਸ ਦੇ ਨਿਰਮਾਣ ਵਿੱਚ ਵੀ ਇਹਨਾਂ ਦਾ ਵੱਡਾ ਯੋਗਦਾਨ ਹੈ। ਆਸਾ ਸਿੰਘ ਜੌਹਲ ਨੇ ਕੈਨੇਡਾ ਵਿੱਚ ਪੰਜਾਬੀ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਵਿੱਚ ਵੀ ਵੱਡਾ ਰੋਲ ਅਦਾ ਕੀਤਾ।

ਉਨ੍ਹਾਂ ਕਿਹਾ ਕਿ ਬੀਬੀ ਕਸ਼ਮੀਰ ਕੌਰ ਜੌਹਲ ਨੂੰ ਕੈਨੇਡਾ ਸਰਕਾਰ ਵੱਲੋਂ 'ਕਿੰਗ ਚਾਰਲਸ ਤੀਜਾ ਕੋਰੋਨੇਸ਼ਨ ਮੈਡਲ' ਪ੍ਰਦਾਨ ਕਰਦਿਆਂ ਉਹ ਬੇਹੱਦ ਮਾਣ ਮਹਿਸੂਸ ਕਰ ਰਹੇ ਹਨ। ਇਸ ਮੌਕੇ ਉਨ੍ਹਾਂ ਗੁਰਦੁਆਰਾ ਸਾਹਿਬ ਦੀ ਪ੍ਰਬੰਧਕੀ ਕਮੇਟੀ ਨੂੰ 'ਕੈਨੇਡੀਅਨ ਚਾਰਟਰ ਆਫ ਰਾਈਟਰਸ ਐਂਡ ਫਰੀਡਮ' ਅੰਗਰੇਜ਼ੀ ਅਤੇ ਪੰਜਾਬੀ ਵਿਚ ਭੇਟ ਕੀਤਾ। ਇਸ ਸਮਾਗਮ ਵਿਚ ਜੌਹਲ ਪਰਿਵਾਰ ਦੇ ਸਾਰੇ ਮੈਂਬਰ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।

## ਮੇਰਾ ਪੱਗੜੀ ਵਾਲਾ ਟੋਰਨਾਡੋ ਹੁਣ ਨਹੀਂ ਰਿਹਾ।

### ਐਸ ਫੌਜਾ ਸਿੰਘ ਦੇ ਦੇਹਾਂਤ

ਵਰਲਡ ਪੰਜਾਬੀ ਟਾਈਮਜ਼




ਬਿਆਸ 15 ਜੁਲਾਈ : ਮੇਰਾ ਪੱਗੜੀ ਵਾਲਾ ਟੋਰਨਾਡੋ ਹੁਣ ਨਹੀਂ ਰਿਹਾ। ਮੇਰੇ ਸਭ ਤੋਂ ਸਤਿਕਾਰਯੋਗ, ਐਸ ਫੌਜਾ ਸਿੰਘ ਦੇ ਦੇਹਾਂਤ 'ਤੇ ਬਹੁਤ ਦੁੱਖ ਸਾਂਝਾ ਕਰ ਰਿਹਾ ਹਾਂ। ਅੱਜ ਦੁਪਹਿਰ 3:30 ਵਜੇ ਦੇ ਕਰੀਬ ਉਨ੍ਹਾਂ ਦੇ ਪਿੰਡ ਬਿਆਸ ਵਿੱਚ ਇੱਕ ਅਣਪਛਾਤੇ ਵਾਹਨ ਨੇ ਉਨ੍ਹਾਂ ਨੂੰ ਟੱਕਰ ਮਾਰ ਦਿੱਤੀ, ਜਦੋਂ ਉਹ ਸੜਕ ਪਾਰ ਕਰ ਰਹੇ ਸਨ। "ਸ਼ਾਂਤੀ ਨਾਲ ਆਰਾਮ ਕਰੋ ਮੇਰੇ ਪਿਆਰੇ ਫੌਜਾ, ਭਾਵ ਫੌਜ" ਫੌਜਾ ਸਿੰਘ ਦੀ ਬਾਇਓਪਿਕ ਦੇ ਲੇਖਕ ਖੁਸ਼ਵੰਤ ਸਿੰਘ ਨੇ ਇਹ ਦੁਖਦਾਈ ਜਾਣਕਾਰੀ ਸਾਂਝੀ ਕੀਤੀ। ਮੂਲ ਰੂਪ ਵਿੱਚ ਭਾਰਤੀ ਪੰਜਾਬ ਦੇ ਇੱਕ ਕਿਸਾਨ, ਫੌਜਾ ਸਿੰਘ, 114 ਸਾਲ ਦੇ ਇੱਕ ਬ੍ਰਿਟਿਸ਼ ਸਿੱਖ ਮੈਰਾਥਨ ਦੌੜਾਕ ਦੀ ਇੱਕ ਸੜਕ ਹਾਦਸੇ ਵਿੱਚ ਮੌਤ ਹੋ ਗਈ ਹੈ। ਲੰਬੀ ਦੂਰੀ ਦੇ ਦੌੜਾਕ ਨੂੰ 100 ਸਾਲ ਦੀ ਉਮਰ ਵਿੱਚ ਪੂਰੀ ਮੈਰਾਥਨ ਪੂਰੀ ਕਰਨ ਵਾਲਾ ਸਭ ਤੋਂ ਬਜ਼ੁਰਗ ਆਦਮੀ ਵੀ ਮੰਨਿਆ ਜਾਂਦਾ ਹੈ।

89 ਸਾਲ ਦੀ ਉਮਰ ਵਿੱਚ ਦੁੱਖ ਨੂੰ ਦੂਰ ਕਰਨ ਲਈ ਦੌੜਨਾ ਸ਼ੁਰੂ ਕਰਨ ਤੋਂ ਬਾਅਦ, ਫੌਜਾ ਸਿੰਘ, ਜੋ ਹੁਣ ਸੇਵਾਮੁਕਤ ਹੋ ਚੁੱਕੇ ਹਨ, ਦੇ ਕਈ ਉਮਰ ਵਰਗਾਂ ਵਿੱਚ ਕਈ ਰਿਕਾਰਡ ਹਨ। ਤੰਦਰੁਸਤੀ ਦੀ ਗੱਲ ਆਉਂਦੀ ਹੈ ਤਾਂ ਉਹ ਨੌਜਵਾਨ ਪੀੜ੍ਹੀਆਂ ਲਈ ਇੱਕ ਪ੍ਰੇਰਣਾ ਅਤੇ ਟੀਚਾ ਨਿਰਧਾਰਕ ਬਣਿਆ ਰਿਹਾ। ਫੌਜਾ ਸਿੰਘ ਦਾ ਜਨਮ 1 ਅਪ੍ਰੈਲ, 1911 ਨੂੰ ਜਲੰਧਰ, ਪੰਜਾਬ ਦੇ ਬਿਆਸ ਪਿੰਡ ਵਿੱਚ ਹੋਇਆ ਸੀ, ਇੱਕ ਕਿਸਾਨ ਪਰਿਵਾਰ ਦੇ ਚਾਰ ਬੱਚਿਆਂ ਵਿੱਚੋਂ ਸਭ ਤੋਂ ਛੋਟਾ ਸੀ। 1992 ਵਿੱਚ, ਉਹ ਇੰਗਲੈਂਡ ਚਲਾ ਗਿਆ ਅਤੇ ਜਲੰਧਰ ਵਿੱਚ ਆਪਣੀ ਪਤਨੀ ਗਿਆਨ ਕੌਰ ਦੀ ਮੌਤ ਤੋਂ ਬਾਅਦ ਆਪਣੇ ਪੁੱਤਰ ਨਾਲ ਪੂਰਬੀ ਲੰਡਨ ਵਿੱਚ ਵਸ ਗਿਆ।

ਉਸਦੀ ਜੀਵਨੀ, ਜਿਸਦਾ ਸਿਰਲੇਖ ਹੈ ਟਰਬਨੇਡ ਟੋਰਨਾਡੋ, ਰਸਮੀ ਤੌਰ 'ਤੇ ਬ੍ਰਿਟੇਨ ਦੇ ਐਟਲੀ ਰੂਮ ਵਿੱਚ ਜਾਰੀ ਕੀਤੀ ਗਈ ਸੀ। 7 ਜੁਲਾਈ 2011 ਨੂੰ ਹਾਊਸ ਆਫ਼ ਲਾਰਡਜ਼ ਵਿੱਚ ਐਂਥਨੀ, ਨੌਰਵੁੱਡ ਗ੍ਰੀਨ ਦੇ ਲਾਰਡ ਯੰਗ ਅਤੇ ਸੇਵਾਮੁਕਤ ਬ੍ਰਿਟਿਸ਼ ਕਰਾਊਨ ਕੋਰਟ ਜੱਜ ਸਰ ਮੋਤਾ ਸਿੰਘ ਦੁਆਰਾ। ਇਹ ਕਿਤਾਬ ਚੰਡੀਗੜ੍ਹ-ਅਧਾਰਤ ਕਾਲਮਨਵੀਸ ਅਤੇ ਲੇਖਕ ਖੁਸ਼ਵੰਤ ਸਿੰਘ ਦੁਆਰਾ ਲਿਖੀ ਗਈ ਸੀ।

ਲੰਡਨ 2012 ਓਲੰਪਿਕ ਲਈ ਇੱਕ ਮਸ਼ਾਲਧਾਰੀ, ਫੌਜਾ ਸਿੰਘ ਨੇ ਹਾਂਗ ਕਾਂਗ ਵਿੱਚ ਆਪਣੀ ਆਖਰੀ ਲੰਬੀ ਦੂਰੀ ਦੀ ਪ੍ਰਤੀਯੋਗੀ ਦੌੜ ਪੂਰੀ ਕਰਨ ਤੋਂ ਬਾਅਦ 101 ਸਾਲ ਦੀ ਉਮਰ ਵਿੱਚ ਸੇਵਾਮੁਕਤੀ ਲੈ ਲਈ, ਜਿੱਥੇ ਉਸਨੇ 1 ਘੰਟਾ 32 ਮਿੰਟ ਅਤੇ 28 ਸਕਿੰਟਾਂ ਵਿੱਚ 10 ਕਿਲੋਮੀਟਰ ਦੌੜ ਪੂਰੀ ਕੀਤੀ। ਅਗਸਤ 1994 ਵਿੱਚ ਇੱਕ ਉਸਾਰੀ ਹਾਦਸੇ ਵਿੱਚ ਆਪਣੇ ਪੰਜਵੇਂ ਪੁੱਤਰ ਕੁਲਦੀਪ ਦੀ ਮੌਤ ਦੇਖਣ ਤੋਂ ਬਾਅਦ ਹੀ, ਸਿੰਘ 1995 ਵਿੱਚ ਦੌੜਨ ਦੇ ਆਪਣੇ ਜਨੂੰਨ ਵਿੱਚ ਵਾਪਸ ਆ ਗਏ। 1992 ਵਿੱਚ ਉਸਦੀ ਪਤਨੀ ਦੀ ਮੌਤ, ਅਤੇ ਉਸਦੀ ਸਭ ਤੋਂ ਵੱਡੀ ਧੀ, ਜੋ ਉਸਦੀ ਤੀਜੀ ਪੋਤੀ ਨੂੰ ਜਨਮ ਦੇਣ ਤੋਂ ਬਾਅਦ ਪਚੀਦਗੀਆਂ ਕਾਰਨ ਮਰ ਗਈ ਸੀ, ਨੇ ਉਸਨੂੰ ਜ਼ਿੰਦਗੀ ਵਿੱਚ ਇਸ ਨਵੇਂ ਫੋਕਸ ਲਈ ਦ੍ਰਿੜ ਇਰਾਦਾ ਦਿੱਤਾ। ਉਹ 1990 ਦੇ ਦਹਾਕੇ ਵਿੱਚ ਇੰਗਲੈਂਡ ਚਲਾ ਗਿਆ ਅਤੇ ਇਲਫੋਰਡ ਵਿੱਚ ਆਪਣੇ ਇੱਕ ਪੁੱਤਰ ਨਾਲ ਰਹਿੰਦਾ ਹੈ।

89 ਸਾਲ ਦੀ ਉਮਰ ਵਿੱਚ, ਉਸਨੇ ਦੌੜ ਨੂੰ ਗੰਭੀਰਤਾ ਨਾਲ ਲਿਆ ਅਤੇ ਅੰਤਰਰਾਸ਼ਟਰੀ ਮੈਰਾਥਨ ਮੁਕਾਬਲਿਆਂ ਵਿੱਚ ਸ਼ਾਮਲ ਹੋ ਗਿਆ। ਜਦੋਂ ਉਹ ਪਹਿਲੀ ਵਾਰ ਰੈੱਡਬ੍ਰਿਜ, ਏਸੇਕਸ ਵਿਖੇ ਸਿਖਲਾਈ ਲਈ ਆਇਆ, ਤਾਂ ਉਸਨੇ ਤਿੰਨ-ਪੀਸ ਸੂਟ ਪਹਿਨਿਆ ਹੋਇਆ ਸੀ। ਕੋਚ ਨੂੰ ਆਪਣੇ ਪਹਿਰਾਵੇ ਸਮੇਤ ਹਰ ਚੀਜ਼ ਨੂੰ ਦੁਬਾਰਾ ਤਿਆਰ ਕਰਨਾ ਪਿਆ। ਸਿੰਘ ਨੇ 2000 ਵਿੱਚ ਆਪਣੀ ਪਹਿਲੀ ਦੌੜ, ਲੰਡਨ ਮੈਰਾਥਨ ਦੌੜੀ। ਉਸਦੇ ਕੋਚ ਦੇ ਅਨੁਸਾਰ, ਉਹ ਆਸਾਨੀ ਨਾਲ 20 ਕਿਲੋਮੀਟਰ ਤੱਕ ਦੌੜਦਾ ਸੀ ਅਤੇ ਮੈਰਾਥਨ ਦੌੜਨਾ ਚਾਹੁੰਦਾ ਸੀ, ਸੋਚਦਾ ਸੀ ਕਿ ਇਹ ਸਿਰਫ਼ 26 ਕਿਲੋਮੀਟਰ ਹੈ, 26 ਮੀਲ (42 ਕਿਲੋਮੀਟਰ) ਨਹੀਂ। ਇਹ ਅਹਿਸਾਸ ਹੋਣ ਤੋਂ ਬਾਅਦ ਹੀ ਉਸਨੇ ਗੰਭੀਰਤਾ ਨਾਲ ਸਿਖਲਾਈ ਸ਼ੁਰੂ ਕੀਤੀ।

93 ਸਾਲ ਦੀ ਉਮਰ ਵਿੱਚ, ਸਿੰਘ ਨੇ 6 ਘੰਟੇ ਅਤੇ 54 ਮਿੰਟ ਵਿੱਚ ਇੱਕ ਮੈਰਾਥਨ ਪੂਰੀ ਕੀਤੀ, ਜੋ ਕਿ 90 ਤੋਂ ਵੱਧ ਉਮਰ ਦੇ ਵਰਗ ਲਈ ਦੁਨੀਆ ਦੇ ਸਭ ਤੋਂ ਵਧੀਆ ਮੁਕਾਬਲੇ ਨਾਲੋਂ 58 ਮਿੰਟ ਤੇਜ਼ ਸੀ। ਉਸੇ ਸਾਲ, 2004 ਵਿੱਚ, ਉਸਨੂੰ ਡੇਵਿਡ ਬੈਕਹਮ ਅਤੇ ਮੁਹੰਮਦ ਅਲੀ ਦੇ ਨਾਲ ਸਪੋਰਟਸਵੇਅਰ ਨਿਰਮਾਤਾ ਐਡੀਡਾਸ ਲਈ ਇੱਕ ਇਸ਼ਤਿਹਾਰ ਮੁਹਿੰਮ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਸੀ।

ਉਦੋਂ ਤੋਂ, ਫੌਜਾ ਸਿੰਘ ਨੇ ਕਦੇ ਪਿੱਛੇ ਮੁੜ ਕੇ ਨਹੀਂ ਦੇਖਿਆ। ਇੰਡੋ-ਬ੍ਰਿਟਿਸ਼ ਐਥਲੀਟ ਨੇ ਨਿਊਯਾਰਕ, ਟੋਰਾਂਟੋ ਦੇ ਨਾਲ-ਨਾਲ ਮੁੰਬਈ ਵਿੱਚ ਮੈਰਾਥਨ ਦੌੜੇ ਹਨ। ਉਸਦੇ ਨਿੱਜੀ ਟ੍ਰੇਨਰ ਹਰਮਿੰਦਰ ਸਿੰਘ ਦੁਆਰਾ ਉਸਦੇ ਕਰੀਅਰ ਦੌਰਾਨ ਉਸਦੀ ਨੇੜਿਓਂ ਨਿਗਰਾਨੀ ਕੀਤੀ ਗਈ ਸੀ। ਟਰਬਨਡ ਟੋਰਨਾਡੋ ਦੇ ਉਪਨਾਮ ਨਾਲ ਜਾਣੇ ਜਾਂਦੇ ਫੌਜਾ ਸਿੰਘ ਨੇ ਵੱਖ-ਵੱਖ ਮੈਰਾਥਨਾਂ ਵਿੱਚ ਹਿੱਸਾ ਲੈ ਕੇ ਦੁਨੀਆ ਭਰ ਵਿੱਚ ਸਿੱਖ ਸੱਭਿਆਚਾਰ ਨੂੰ ਉਤਸ਼ਾਹਿਤ ਕਰਦੇ ਹੋਏ ਵੱਖ-ਵੱਖ ਚੈਰਿਟੀਆਂ ਲਈ ਫੰਡ ਇਕੱਠੇ ਕੀਤੇ ਹਨ।

2011 ਵਿੱਚ, ਫੌਜਾ ਸਿੰਘ ਨੇ 100 ਸਾਲ ਦੀ ਉਮਰ ਵਿੱਚ, ਟੋਰਾਂਟੋ, ਕੈਨੇਡਾ ਦੇ ਬਿਰਚਮਾਉਂਟ ਸਟੇਡੀਅਮ ਵਿਖੇ ਵਿਸ਼ੇਸ਼ ਓਨਟਾਰੀਓ ਮਾਸਟਰਜ਼ ਐਸੋਸੀਏਸ਼ਨ ਫੌਜਾ ਸਿੰਘ ਇਨਵੀਟੇਸ਼ਨਲ ਮੀਟ ਵਿੱਚ ਇੱਕ ਦਿਨ ਵਿੱਚ ਅੱਠ ਵਿਸ਼ਵ ਉਮਰ-ਸਮੂਹ ਦੇ ਰਿਕਾਰਡ ਪ੍ਰਾਪਤ ਕੀਤੇ। ਇਹ ਦੌੜ ਕੈਨੇਡਾ ਦੇ ਅਧਿਕਾਰੀਆਂ ਦੁਆਰਾ ਸਮਾਂਬੱਧ ਕੀਤੀ ਗਈ ਸੀ। ਫੌਜਾ ਸਿੰਘ ਨੇ 23.14 ਵਿੱਚ 100 ਮੀਟਰ, 52.23 ਵਿੱਚ 200 ਮੀਟਰ, 2:13.48 ਵਿੱਚ 400 ਮੀਟਰ, 5:32.18 ਵਿੱਚ 800 ਮੀਟਰ, 11:27.81 ਵਿੱਚ 1500 ਮੀਟਰ, 11:53.45 ਵਿੱਚ ਇੱਕ ਮੀਲ, 24:52.47 ਵਿੱਚ 3000 ਮੀਟਰ ਅਤੇ 49:57.39 ਵਿੱਚ 5000 ਮੀਟਰ ਦੌੜ ਕੇ ਇੱਕ ਦਿਨ ਵਿੱਚ ਆਪਣੇ ਉਮਰ ਸਮੂਹ ਲਈ ਪੰਜ ਵਿਸ਼ਵ ਰਿਕਾਰਡ ਮੁੜ ਸਥਾਪਿਤ ਕੀਤੇ।

## ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਨੇ ਖੂਨਦਾਨ ਕੈਂਪ ਲਾਇਆ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 15 ਜੁਲਾਈ : ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਵੱਲੋਂ ਆਪਣੇ ਸਮਾਜ ਭਲਾਈ ਕੰਮਾਂ ਦੀ ਲੜੀ ਨੂੰ ਜਾਰੀ ਰੱਖਦਿਆਂ ਅੱਜ ਸਰੀ ਵਿੱਚ ਇਕ ਖੂਨਦਾਨ ਕੈਂਪ ਦਾ ਲਾਇਆ ਗਿਆ ਜਿਸ ਵਿਚ 20 ਦਾਨੀ ਸੱਜਣਾਂ ਵੱਲੋਂ ਖੂਨਦਾਨ ਕੀਤਾ ਗਿਆ।

ਇਸ ਕੈਂਪ ਦਾ ਉਦਘਾਟਨ ਸਰੀ ਦੇ ਸਾਬਕਾ ਮੇਅਰ ਡਗ ਮਕੱਲਮ ਵੱਲੋਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਮਾਜ ਅਤੇ ਮਨੁੱਖੀ ਜੀਵਨ ਲਈ ਖੂਨਦਾਨ ਦੀ ਬਹੁਤ ਅਹਿਮੀਅਤ ਹੈ। ਚੜ੍ਹਦੀਕਲਾ ਐਸੋਸੀਏਸ਼ਨ ਵੱਲੋਂ ਕੀਤੇ ਇਸ ਉਪਰਾਲੇ ਲਈ ਸਮੁੱਚੀ ਟੀਮ ਨੂੰ ਸ਼ਾਬਾਸ਼ ਦਿੰਦਿਆਂ ਉਨਾਂ ਕਿਹਾ ਕਿ ਅਜਿਹੇ ਕਾਰਜਾਂ ਲਈ ਉਹ ਵੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹਨ ਤਾਂ ਕਿ ਇਹ ਐਸੋਸੀਏਸ਼ਨ ਹੋਰ ਵੀ ਅਜਿਹੇ ਕਾਰਜ ਕਰ ਸਕੇ। ਇਸ ਸਮੇਂ ਉਨਾਂ ਨਾਲ ਸੈਨੇਟਰ ਬਲਤੇਜ ਸਿੰਘ ਢਿੱਲੋਂ ਵੀ ਹਾਜਰ ਸਨ।

ਚੜ੍ਹਦੀਕਲਾ ਬ੍ਰਦਰਹੁੱਡ ਵੈਲਫੇਅਰ ਐਸੋਸੀਏਸ਼ਨ ਦੇ ਫਾਊਂਡਰ ਡਾਇਰੈਕਟਰ ਜਸਵਿੰਦਰ ਸਿੰਘ ਦਿਲਾਵਰੀ ਤੋਂ ਇਲਾਵਾ ਐਸੋਸੀਏਸ਼ਨ ਦੇ ਬਾਕੀ ਮੈਂਬਰ ਬਲਜੀਤ ਸਿੰਘ ਰਾਏ, ਮਨਜੀਤ ਸਿੰਘ ਚੀਮਾ, ਲਖਵੀਰ ਸਿੰਘ ਗਰੇਵਾਲ, ਇੰਦਰਜੀਤ ਸਿੰਘ ਲੱਧੜ ਅਤੇ ਸੰਦੀਪ ਸਿੰਘ ਧੰਜੂ ਵੀ ਇਸ ਸਮੇਂ ਹਾਜਰ ਸਨ।

ਅੰਤ ਵਿੱਚ ਜਸਵਿੰਦਰ ਸਿੰਘ ਦਿਲਾਵਰੀ ਨੇ ਆਪਣੀ ਟੀਮ ਵੱਲੋਂ ਕੈਨੇਡੀਅਨ ਬਲੱਡ ਸਰਵਿਸਜ਼ ਦਾ ਖੂਨਦਾਨ ਕੈਂਪ ਲਈ ਸਹਿਯੋਗ ਦੇਣ ਲਈ ਅਤੇ ਕੈਂਪ ਵਿਚ ਪਹੁੰਚ ਕੇ ਹੌਂਸਲਾ ਅਫ਼ਜ਼ਾਈ ਕਰਨ ਮਹਿਮਾਨਾਂ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਦੇ ਸਹਿਯੋਗ ਨਾਲ ਉਨਾਂ ਦੀ ਐਸੋਸੀਏਸ਼ਨ ਆਉਣ ਵਾਲੇ ਸਮੇਂ ਵਿੱਚ ਵੀ ਅਜਿਹੇ ਉਦਮ ਕਰਦੀ ਰਹੇਗੀ। ਵਰਨਣਯੋਗ ਹੈ ਕਿ ਥੋੜ੍ਹਾ ਸਮਾਂ ਪਹਿਲਾਂ ਹੀ ਹੋਂਦ ਵਿੱਚ ਆਈ ਇਸ ਐਸੋਸੀਏਸ਼ਨ ਵੱਲੋਂ ਸਮਾਜ ਸੇਵਾ ਦੇ ਕਈ ਕੰਮ ਕੀਤੇ ਗਏ ਹਨ ਜਿਨ੍ਹਾਂ ਵਿਚ ਸਮਾਜ ਵਿਚ ਵਡਮੁੱਲਾ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਦਾ ਸਨਮਾਨਿ ਕਰਨਾ, ਸ਼ਹਿਰ ਦੇ ਪਾਰਕਾਂ ਵਿੱਚ ਸਫਾਈ ਮੁਹਿੰਮ ਸ਼ੁਰੂ ਕਰਨਾ ਅਤੇ ਹਸਪਤਾਲਾਂ ਵਿੱਚ ਦਾਖ਼ਲ ਬੱਚਿਆਂ ਨੂੰ ਖਿਡੌਣੇ ਵੰਡਣ ਦੇ ਚੰਗੇਰੇ ਕਾਰਜ ਸ਼ਾਮਿਲ ਹਨ।

## ਦਸਮੇਸ਼ ਡੈਂਟਲ ਕਾਲਜ ਦੇ ਪ੍ਰਿੰਸੀਪਲ ਸੁਰਿੰਦਰਪਾਲ ਸਿੰਘ ਸੋਢੀ ਨੂੰ ਹਰ ਵਰਗ ਦੇ ਲੋਕਾਂ ਨੇ ਨਮ ਅੱਖਾਂ ਨਾਲ ਸ਼ਰਧਾਂਜ਼ਲੀ ਦਿੱਤੀ।

ਵਰਲਡ ਪੰਜਾਬੀ ਟਾਈਮਜ਼ ਧਰਮ ਪ੍ਰਵਾਨਾਂ

ਫ਼ਰੀਦਕੋਟ, 15 ਜੁਲਾਈ : ਇੰਡੀਅਨ ਡੈਂਟਲ ਕੌਂਸਲ ਦੇ ਮੈਂਬਰ ਰਹੇ, ਪਿਛਲੇ 15 ਸਾਲਾਂ ਤੋਂ ਪੰਜਾਬ ਦੀ ਮੈਡੀਕਲ ਖੇਤਰ 'ਚ ਵਿਲੱਖਣ ਪਹਿਚਾਣ ਰੱਖਣ ਵਾਲੀ ਸੰਸਥਾ ਦਸਮੇਸ਼ ਡੈਂਟਲ ਕਾਲਜ ਫ਼ਰੀਦਕੋਟ ਦੇ ਪ੍ਰਿੰਸੀਪਲ ਡਾ.ਐਸ.ਪੀ.ਐਸ.ਸੋਢੀ, ਜੋ ਫ਼ਰੀਦਕੋਟ ਦੀ ਬਹੁਤ ਸਾਰੀਆਂ ਸਮਾਜ ਸੇਵੀ ਸੰਸਥਾਵਾਂ ਦੇ ਰੂਹ-ਏ-ਰਵਾਂ ਸਨ ਨਮਿਤ ਅੱਜ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਸਥਾਨਕ ਗੁਰਦੁਆਰਾ ਗੋਦੜੀ ਸਾਹਿਬ ਫ਼ਰੀਦਕੋਟ ਵਿਖੇ ਕੀਤੀ ਗਈ। ਇਸ ਮੌਕੇ ਸਮਾਜ ਦੇ ਹਰ ਵਰਗ ਦੇ ਵੱਡੀ ਗਿਣਤੀ 'ਚ ਲੋਕਾਂ ਨੇ ਨਮ ਅੱਖਾਂ ਨਾਲ ਆਪਣੇ ਹਰਦਿਲ ਅਜ਼ੀਜ਼ ਨੂੰ ਸ਼ਰਧਾਂਜ਼ਲੀ ਭੇਟ ਕੀਤੀ। ਇਸ ਮੌਕੇ ਸ਼ਰਧਾਂਜ਼ਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੰਗਤ ਸਾਹਿਬ ਭਾਈ ਫ਼ੇਰੂ ਟਰੱਸਟ ਫ਼ਰੀਦਕੋਟ ਦੇ ਚੇਅਰਮੈਨ ਸੇਵਾ ਮੁਕਤ ਆਈ.ਏ.ਐਸ.ਅਧਿਕਾਰੀ ਗੁਰਦੇਵ ਸਿੰਘ, ਡਾ. ਨਿਤਿਨ ਕੁਮਾਰ ਪ੍ਰੋਫ਼ੈਸਰ ਅਡੇ ਹੈੱਡ ਓਰਲ ਸਰਜਰੀ ਸਰਕਾਰੀ ਡੈਂਟਲ ਕਾਲਜ ਸ਼੍ਰੀ ਅਮ੍ਰਿਤਸਰ ਸਾਹਿਬ, ਸ਼੍ਰੀ ਐਮ.ਐਫ਼.ਫ਼ਾਰੂਕੀ ਏ.ਡੀ.ਜੀ.ਪੀ.ਪੰਜਾਬ, ਸਪੀਕਰ ਵਿਧਾਨ ਸਭਾ ਪੰਜਾਬ ਸ.ਕੁਲਤਾਰ ਸਿੰਘ ਸੰਧਵਾਂ ਨੇ ਡਾਕਟਰ ਸੁਰਿੰਦਰਪਾਲ ਸਿੰਘ ਸੋਢੀ ਦੇ ਸਿੱਖਿਆ ਖੇਤਰ, ਸਮਾਜ ਸੇਵਾ ਖੇਤਰ, ਵਧੀਆ ਪ੍ਰਬੰਧਕ ਵਜੋਂ ਨਿਭਾਈਆਂ ਸੇਵਾਵਾਂ, ਫ਼ਰੀਦਕੋਟ ਨੂੰ ਦਿਵਾਏ ਮਾਣ-ਸਨਮਾਨ, ਹਮੇਸ਼ਾ ਖੁਸ਼ ਰਹਿਣ, ਹਰ ਕਿਸੇ ਦੀ ਦਿਲੋਂ ਸਹਾਇਤਾ ਕਰਨ, ਕਮਾਲ ਦੇ ਸਟੇਜ ਸੰਚਾਲਕ ਵਰਗੇ ਗੁਣਾ ਦੀ ਰੱਜ ਕੇ ਪ੍ਰੰਸ਼ਸ਼ਾ ਕੀਤੀ। ਉਨ੍ਹਾਂ ਦੱਸਿਆ ਕਿ ਡਾ.ਸੋਢੀ ਨੇ ਹਮੇਸ਼ਾ ਆਪਣੇ ਅਨੁਭਵ ਨਾਲ ਦਸਮੇਸ਼ ਡੈਂਟਲ ਕਾਲਜ ਫ਼ਰੀਦਕੋਟ ਦੇ ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਨੂੰ ਦੇਸ਼ ਦੇ ਕੋਣੇ-ਕੋਣੇ ਤੱਕ ਲਿਜਾਣ ਦਾ ਇਤਿਹਾਸ ਸਿਰਜਿਆ ਹੈ। ਇਸ ਮੌਕੇ ਹਲਕਾ ਵਿਧਾਇਕ ਗੁਰਦਿੱਤ ਸਿੰਘ ਸੇਖੋਂ, ਐਸ.ਐਸ.ਪੀ.ਫ਼ਰੀਦਕੋਟ ਡਾ.ਪ੍ਰਗਿਆ ਜੈਨ, ਹਲਕਾ ਕੋਟਕਪੂਰਾ ਦੇ ਕਾਂਗਰਸੀ ਆਗੂ ਅਜੈਪਾਲ ਸਿੰਘ, ਸਾਬਕਾ



ਸੰਸਦੀ ਸਕੱਤਰ ਮਨਤਾਰ ਸਿੰਘ ਬਰਾੜ, ਸ਼੍ਰੀ ਓਪੇਂਦਰ ਸ਼ਰਮਾ ਸਾਬਕਾ ਜ਼ੇਲ ਤੇ ਨਿਆਂ ਮੰਤਰੀ ਪੰਜਾਬ, ਸੇਵਾ ਮੁਕਤ ਚੀਫ਼ ਸਕੱਤਰ ਪੰਜਾਬ ਆਈ.ਏ.ਐਸ.ਏ.ਵੇਣੂ ਪ੍ਰਸ਼ਾਦ, ਸੀਨੀਅਰ ਆਈ.ਏ.ਐਸ.ਅਧਿਕਾਰੀ ਰਾਜੀਵ ਪ੍ਰਾਸ਼ਰ, ਸੇਵਾ ਮੁਕਤ ਆਈ.ਏ.ਐਸ.ਮਾਲਵਿੰਦਰ ਸਿੰਘ ਜੱਗੀ, ਸੇਵਾ ਮੁਕਤ ਡੀ.ਆਈ.ਜੀ.ਤੇਜਿੰਦਰ ਸਿੰਘ ਮੌੜ, ਨਗਰ ਕੌਂਸਲ ਫ਼ਰੀਦਕੋਟ ਦੇ ਪ੍ਰਧਾਨ ਨਰਿੰਦਰਪਾਲ ਸਿੰਘ ਨਿੰਦਾ, ਮਾਰਕੀਟ ਕਮੇਟੀ ਫ਼ਰੀਦਕੋਟ ਦੇ ਚੇਅਰਮੈਨ ਅਮਨਦੀਪ ਸਿੰਘ ਬਾਬਾ, ਨਗਰ ਸੁਧਾਰ ਟਰੱਸਟ ਫ਼ਰੀਦਕੋਟ ਦੇ ਸਾਬਕਾ ਚੇਅਰਮੈਨ ਐਡਵੋਕੇਟ ਲਲਿਤ ਮੋਹਨ ਗੁਪਤਾ, ਆਦੇਸ਼ ਮੈਡੀਕਲ ਕਾਲਜ ਬਠਿੰਡਾ ਦੇ ਡਾਇਰੈਕਟਰ ਡਾ.ਗੁਰਪ੍ਰੀਤ ਸਿੰਘ ਗਿੱਲ, ਸੇਵਾ ਮੁਕਤ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਜਗਜੀਤ ਸਿੰਘ ਚਾਹਲ, ਸੇਵਾ ਮੁਕਤ ਜ਼ਿਲਾ ਸਿੱਖਿਆ ਅਫ਼ਸਰ ਪ੍ਰਭਜੋਤ ਕੌਰ ਢਿੱਲੋਂ,ਦਸਮੇਸ਼ ਡੈਂਟਲ ਕਾਲਜ ਦੇ ਡਾਇਰੈਕਟਰ ਡਾ.ਗੁਰਸੇਵਕ ਸਿੰਘ, ਬਾਬਾ ਫ਼ਰੀਦ ਵਿੱਦਿਅਕ ਸੰਸਥਾਵਾਂ ਦੇ ਕੁਲਜੀਤ ਸਿੰਘ ਮੂੰਗੀਆ, ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ ਦੇ ਡਾਇਰੈਕਟਰ ਜਨਰਲ ਜਸਬੀਰ ਸਿੰਘ ਸੰਧੂ, ਮੈਂਬਰ ਗੁਰਮੀਤ ਸਿੰਘ ਢਿੱਲੋਂ, ਐਡਵੋਕੇਟ ਕੁਲਇੰਦਰ ਸਿੰਘ ਸੇਖੋਂ, ਸ਼੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਗੋਲੇਵਾਲਾ ਦੇ ਚੇਅਰਮੈਨ ਪ੍ਰਿੰਸੀਪਲ ਗੁਰਚਰਨ ਸਿੰਘ, ਇੰਡੀਅਨ ਮੈਡੀਕਲ ਐਸੋਸ਼ੀਏਸ਼ਨ ਫ਼ਰੀਦਕੋਟ ਦੇ ਪ੍ਰਧਾਨ ਡਾ.ਐਸ.ਐਸ.ਬਰਾੜ, ਸਕੱਤਰ ਡਾ.ਬਿਮਲ ਗਰਗ, ਪ੍ਰਿੰਸੀਪਲ ਕੁਮਾਰ ਜਗਦੇਵ ਸਿੰਘ ਬਰਾੜ, ਡਾ.ਰਵੀ ਬਾਂਸਲ ਕੋਟਕਪੂਰਾ, ਡਾ.ਪੀ.ਐਸ.ਬਰਾੜ ਕੋਟਕਪੂਰਾ, ਡਾ.ਰੋਹਿਤ ਚੋਪੜਾ, ਡਾ.ਪ੍ਰਦੀਪ ਗਰਗ ਕੈਂਸਰ ਵਿਭਾਗ ਫ਼ਰੀਦਕੋਟ, ਡਾ.ਜਸਬੀਰ ਕੌਰ, ਰੋਟਰੀ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਅਸ਼ਵਨੀ ਬਾਂਸਲ, ਸਕੱਤਰ ਦਵਿੰਦਰ ਸਿੰਘ ਪੰਜਾਬ ਮੋਟਰਜ਼, ਮਨਪ੍ਰੀਤ ਸਿੰਘ ਬਰਾੜ ਭੋਲੂਵਾਲਾ, ਡਿਪਟੀ ਮੈਡੀਕਲ ਕਮਿਸ਼ਨਰ ਸਿਵਲ ਹਸਪਤਾਲ ਫ਼ਰੀਦਕੋਟ ਡਾ.ਵਿਸ਼ਵਦੀਪ ਗੋਇਲ, ਮੰਚ ਸੰਚਾਲਕ ਜਸਬੀਰ ਸਿੰਘ ਜੱਸੀ, ਪ੍ਰਿੰਸੀਪਲ ਸੇਵਾ ਸਿੰਘ ਚਾਵਲਾ, ਸਾਬਕਾ ਨੈਸ਼ਨਲ ਕਨਵੀਨਰ ਰਾਕੇਸ਼ ਸੱਚਦੇਵਾ, ਸਟੇਟ ਕਾਰਜਕਾਰੀ ਮੈਂਬਰ ਪ੍ਰਿੰਸੀਪਲ ਵਿਨੋਦ ਸਿੰਗਲਾ, ਮਾਰਕੀਟ ਕਮੇਟੀ ਫ਼ਰੀਦਕੋਟ ਦੇ ਸਾਬਕਾ ਚੇਅਰਮੈਨ ਅਸ਼ੋਕ ਜੈਨ, ਸਹਾਰਾ ਸੇਵਾ ਸੁਸਾਇਟੀ ਫ਼ਰੀਦਕੋਟ ਦੇ ਚੇਅਰਮੈਨ ਪ੍ਰਵੀਨ ਕਾਲਾ, ਦੁਸਹਿਰਾ ਕਮੇਟੀ ਫ਼ਰੀਦਕੋਟ ਦੇ ਚੇਅਰਮੈਨ ਅਸ਼ੋਕ ਸੱਚਰ, ਸਮਾਜ ਸੇਵੀ ਰਾਜਿੰਦਰ ਦਾਸ ਰਿੰਕੂ, ਹੋਟਲ ਦਾਸਤਾਨ ਦੇ ਮੈਨੇਜਿੰਗ ਡਾਇਰੈਕਟਰ ਸੁਖਬੀਰ ਸਿੰਘ ਸੱਚਦੇਵਾ, ਡਾ.ਰੂਬਲ ਬਰਾੜ, ਰਾਕੇਸ਼ ਮੌਂਗਾ, ਕੇ.ਪੀ.ਸਿੰਘ ਸਰਾਂ, ਡਾ.ਦੀਪਕ ਗੋਇਲ, ਡਾ.ਕਰਨ ਬਜਾਜ,ਦਵਿੰਦਰ ਸਿੰਘ ਪੰਜਾਬ ਮੋਟਰਜ਼, ਡਾ.ਬਲਜੀਤ ਸ਼ਰਮਾ ਗੋਲੇਵਾਲਾ, ਦਸਮੇਸ਼ ਡੈਂਟਲ ਕਾਲਜ ਫ਼ਰੀਦਕੋਟ, ਦਸਮੇਸ਼ ਪਬਲਿਕ ਸਕੂਲ ਫ਼ਰੀਦਕੋਟ, ਕੋਟਕਪੂਰਾ, ਬਰਗਾੜੀ ਦਾ ਸਟਾਫ਼ ਪ੍ਰਮੁੱਖ ਤੌਰ ਤੇ ਹਾਜ਼ਰ ਸਨ। ਇਸ ਮੌਕੇ ਸਾਬਕਾ ਵਿਧਾਇਕ ਕੁਸ਼ਲਦੀਪ ਸਿੰਘ ਢਿੱਲੋਂ, ਡਾ.ਅਨਿਲ ਕੋਹਲੀ ਸਾਬਕਾ ਪ੍ਰਧਾਨ ਡੈਂਟਲ ਕੌਂਸ਼ਲ ਆਫ਼ ਇੰਡੀਆ, ਡਾ.ਮਹੇਸ਼ ਵਰਮਾ ਵਾਈਸ ਚਾਂਸਲਰ ਇੰਦਰਪ੍ਰਸਤ ਯੂਨੀਵਰਸਿਟੀ ਦਿੱਲੀ,ਡਾ.ਮਨੋਜ ਗੋਇਲ ਵਾਈਸ ਚਾਂਸਲਰ ਸੰਤੋਸ਼ ਯੂਨੀਵਰਸਿਟੀ ਨਵੀਂ ਦਿੱਲੀ, ਜਰਨਲ ਅਵਸਥੀ ਸਾਬਕਾ ਸਕੱਤਰ ਡੈਂਟਲ ਕੌਂਸ਼ਲ ਆਫ਼ ਇੰਡੀਆ, ਜੁਆਇੰਟ ਡੀ.ਆਰ.ਐਮ.ਈ.ਪੰਜਾਬ ਡਾ.ਪੁਨੀਤ ਗਿਰਧਰ, ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਦੇ ਪ੍ਰਿੰਸੀਪਲ ਡਾ.ਐਸ.ਐਸ.ਬਰਾੜ, ਪੰਜਾਬ ਦੇ ਵੱਖ-ਵੱਖ ਮੈਡੀਕਲ ਕਾਲਜਾਂ ਅਤੇ ਸ਼ਹਿਰ ਦੀਆਂ ਸਮਾਜ ਸੇਵੀ ਸੰਸਥਾਵਾਂ ਨੇ ਸ਼ੋਕ ਸੰਦੇਸ਼ ਰਾਹੀਂ ਸੋਢੀ ਪ੍ਰੀਵਾਰ ਨਾਲ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਮੌਕੇ ਡਾ.ਐਸ.ਪੀ.ਐਸ.ਸੋਢੀ ਦੀ ਸੁਪਤਨੀ ਰੰਜਨਾ ਸੋਢੀ, ਸਪੁੱਤਰ ਡਾ.ਦੀਪਿੰਦਰਪਾਲ ਸਿੰਘ ਸੋਢੀ, ਬੇਟੀ ਡਾ.ਅਸ਼ਮਿਤਾ ਸੋਢੀ, ਦਮਾਦ ਇੰਜਨੀਅਰ ਅਰਜਨ, ਕਰੀਬੀ ਰਿਸ਼ਤੇਦਾਰ ਵਿੰਗ ਕਮਾਂਡਰ ਦੇਵੇਸ਼ਰ ਸ਼ਰਮਾ ਅਤੇ ਪ੍ਰੀਵਾਰ ਮੈਂਬਰਾਂ ਨੇ ਅੰਤਿਮ ਅਰਦਾਸ 'ਚ ਸ਼ਾਮਲ ਸੰਗਤਾਂ ਦਾ ਧੰਨਵਾਦ ਕੀਤਾ।

## ਕਿਰਤ

ਵਰਲਡ ਪੰਜਾਬੀ ਟਾਈਮਜ਼ ਪ੍ਰੋ. ਨਵ ਸੰਗੀਤ ਸਿੰਘ

ਕਿਰਤ ਦਾ ਵੇਖੋ ਕਿਹਾ ਦਸਤੂਰ ਹੈ।
ਕਿਰਤੀ ਬੰਦਾ ਬਹੁਤ ਹੀ ਮਜਬੂਰ ਹੈ।

ਕਿਰਤ ਕਰਦਾ ਹੰਭ ਗਿਆ ਹੈ ਜਾਪਦਾ
ਥੱਕ ਕੇ ਉਹ ਹੋ ਗਿਆ ਹੁਣ ਚੂਰ ਹੈ।

ਕਿਰਤ ਕਰਦੇ ਨੂੰ ਨਾ ਕੋਈ ਪੁੱਛਦਾ
ਵਿਹਲਾ ਨੇਤਾ ਹੋ ਰਿਹਾ ਮਸ਼ਹੂਰ ਹੈ।

ਕਿਰਤੀ ਭਾਈ ਲਾਲੋ ਨੂੰ ਵੇਖੋ ਜ਼ਰਾ
ਚਮਕਦਾ ਹੈ ਨਾਮ ਵਾਂਗਰ ਨੂਰ ਹੈ।

ਅੱਜ ਨਹੀਂ ਤਾਂ ਕੱਲ੍ਹ ਸੁਣਸੀ ਰੱਬ ਵੀ
ਕਿਰਤ ਨੂੰ ਪੈਣਾ ਤਾਂ ਇੱਕ ਦਿਨ ਬੂਰ ਹੈ।

ਲੋਭੀ ਬੰਦੇ ਦੀ ਕਦੇ ਭੁੱਖ ਨਾ ਮਿਟੇ
ਕਿਰਤੀ ਹੈ ਜੋ ਸਬਰ ਨਾਲ ਭਰਪੂਰ ਹੈ।

ਮਹਿਕਦਾ ਮੁੜ੍ਹਕਾ ਹਮੇਸ਼ਾ ਕਿਰਤ ਦਾ
ਮਲਿਕ ਭਾਗੋ ਗੰਦਗੀ ਦਾ ਸੂਰ ਹੈ।

ਕਿਰਤ ਦਾ ਰੁਤਬਾ ਪੂਜਾ ਦੇ ਵਾਂਗਰਾਂ
ਰੱਬ ਦਾ ਘਰ ਵਿਹਲੜਾਂ ਲਈ ਦੂਰ ਹੈ।

ਨਾਲ ਦੇਰੀ ਦੇ ਹੀ ਕਿਰਤੀ ਨੂੰ ਭਾਵੇਂ
ਫ਼ਲ ਤਾਂ ਇੱਕ ਦਿਨ ਮਿਲਣਾ ਜ਼ਰੂਰ ਹੈ।